# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 08:30

**ਮਿਤੀ : 15-10-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਲੱਦਾਖ ਵਿੱਚ ਕਰੀਬ 3 ਹਜ਼ਾਰ 350 ਕਰੋੜ ਰੁਪਏ ਦੇ ਪੰਜ ਵੱਡੇ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ ਕਰਨਗੇ।
- ਕੇਂਦਰੀ ਮੰਤਰੀਮੰਡਲ ਨੇ 11 ਲਖ ਤੋਂ ਵੱਧ ਰੇਲਵੇ ਮੁਲਾਜ਼ਮਾਂ ਲਈ 78 ਦਿਨਾਂ ਦੀ ਤਨਖਾਹ ਦੇ ਬਰਾਬਰ ਉਤਪਾਦਕਤਾ-ਅਧਾਰਿਤ ਬੋਨਸ ਨੂੰ ਮਨਜ਼ੂਰੀ ਦਿੱਤੀ ।
- ਖੇਤੀਬਾੜੀ ਵਿੱਚ ਔਰਤਾਂ ਦੇ ਯੋਗਦਾਨ ਦਾ ਸਨਮਾਨ ਕਰਨ ਲਈ ਅੱਜ ਰਾਸ਼ਟਰੀ ਪੱਧਰ 'ਤੇ ਮਹਿਲਾ ਕਿਸਾਨ ਦਿਵਸ ਮਨਾਇਆ ਜਾ ਰਿਹਾ ਏ ।
- ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ਼ ਇੰਡੀਆ (NPCI) ਨੇ ਚੋਣਵੇਂ ਵਿਅਕਤੀ-ਤੋਂ-ਵਪਾਰੀ UPI ਲੈਣ-ਦੇਣ 'ਤੇ ਵਪਾਰੀ ਛੋਟ ਦਰ (MDR) ਲਾਗੂ ਕਰਨ ਨੂੰ ਮੁਲਤਵੀ ਕਰ ਦਿੱਤਾ ਏ ।
- ਮੌਸਮ ਵਿਭਾਗ ਵਲੋਂ ਅੱਜ ਪੰਜਾਬ, ਹਰਿਆਣਾ, ਤੇ ਚੰਡੀਗੜ੍ਹ, ਵਿੱਚ ਭਾਰੀ ਤੋਂ ਬੇਹਦ ਭਾਰੀ ਬਾਰਿਸ਼ ਲਈ ORANGE ALERT ਜਾਰੀ

## *ਹੁਣ ਖਬਰਾਂ ਵਿਸਥਾਰ ਨਾਲ*

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਵੀਡੀਓ ਕਾਨਫਰੰਸਿੰਗ ਰਾਹੀਂ ਲੱਦਾਖ ਵਿੱਚ ਕਰੀਬ 3 ਹਜ਼ਾਰ 350 ਕਰੋੜ ਰੁਪਏ ਦੇ ਪੰਜ ਵੱਡੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕਰਨਗੇ ਅਤੇ ਸਮਰਪਿਤ ਕਰਨਗੇ। ਇਨ੍ਹਾਂ ਪ੍ਰੋਜੈਕਟਾਂ ਦਾ ਉਦੇਸ਼ ਸੰਪਰਕ ਨੂੰ ਮਜ਼ਬੂਤ ਕਰਨਾ, ਊਰਜਾ ਬੁਨਿਆਦੀ ਢਾਂਚੇ ਨੂੰ ਬਿਹਤਰ ਬਣਾਉਣਾ, ਸੱਭਿਆਚਾਰਕ ਵਿਰਸੇ ਨੂੰ ਸੁਰੱਖਿਅਤ ਰੱਖਣਾ ਅਤੇ ਖੇਤਰ ਵਿੱਚ ਪਾਣੀ ਸੁਰੱਖਿਆ ਨੂੰ ਵਧਾਉਣਾ ਏ । ਉਹ ਇਸ ਮੌਕੇ 'ਤੇ  ਇਕੱਠ ਨੂੰ ਵੀ ਸੰਬੋਧਨ ਕਰਨਗੇ । ਪ੍ਰਧਾਨ ਮੰਤਰੀ ਲੇਹ ਦੇ ਕੁਸ਼ੋਕ ਬਾਕੁਲਾ ਰਿੰਪੋਚੀ ਹਵਾਈ ਅੱਡੇ 'ਤੇ ਨਵੀਂ ਮੁਸਾਫ਼ਿਰ ਟਰਮੀਨਲ ਇਮਾਰਤ ਦਾ ਉਦਘਾਟਨ ਕਰਨਗੇ, ਜੋ ਕਿ 640 ਕਰੋੜ ਰੁਪਏ ਦੀ ਲਾਗਤ ਨਾਲ ਬਣੀ ਏ । ਇਹ ਹਰ ਸਾਲ 35 ਲੱਖ ਮੁਸਾਫ਼ਿਰਾਂ ਨੂੰ ਸੰਭਾਲਣ ਲਈ ਤਿਆਰ ਕੀਤੀ ਗਈ ਏ. ਪ੍ਰਧਾਨ ਮੰਤਰੀ ਸਰਹੱਦੀ ਸੜ੍ਹਕ ਸੰਸਥਾ (BRO) ਵਲੋਂ ਬਣਾਈ ਗਈ 298 ਕਿਲੋਮੀਟਰ ਲੰਮੀ ਨਿੰਮੂ-ਪਦੁਮ-ਦਰਚਾ ਸੜ੍ਹਕ ਨੂੰ ਸਮਰਪਿਤ ਕਰਨਗੇ। ਲੇਹ ਦੇ ਨਿੰਮੂ ਨੂੰ ਦੂਰ-ਦੁਰਾਡੇ ਦੀ ਜ਼ਾਂਸਕਰ ਵਾਦੀ ਰਾਹੀਂ ਹਿਮਾਚਲ ਪ੍ਰਦੇਸ਼ ਦੇ ਦਾਰਚਾ ਨਾਲ ਜੋੜਨ ਵਾਲੀ ਇਹ ਸੜ੍ਹਕ, ਲੱਦਾਖ ਲਈ ਇੱਕ ਵਿਕਲਪਿਕ ਸੰਪਰਕ ਲਾਂਘਾ ਪ੍ਰਦਾਨ ਕਰਦੀ ਏ, ਜਿਸ ਨਾਲ ਸ਼੍ਰੀਨਗਰ-ਲੇਹ ਅਤੇ ਮਨਾਲੀ-ਲੇਹ ਰੂਟਾਂ 'ਤੇ ਸਫ਼ਰ ਹੋਰ ਵੀ ਆਸਾਨ ਹੋ ਜਾਂਦਾ ਏ. ਸ਼੍ਰੀ ਮੋਦੀ ਲੇਹ ਦੇ ਸਿੰਧੂ ਘਾਟ ਵਿੱਚ ਭਾਰਤ ਦੇ ਪਹਿਲੇ ਪੈਟਰੋਗਲਿਫ ਕੰਜ਼ਰਵੇਸ਼ਨ

ਪਾਰਕ ਅਤੇ ਹਿਮ ਸਰੋਵਰ ਪ੍ਰੋਜੈਕਟ ਤਹਿਤ 40 ਪਿੰਡਾਂ ਵਿੱਚ ਵਿਕਸਿਤ ਕੀਤੇ ਗਏ 40 ਜਲ ਸਰੋਤਾਂ ਦਾ ਵੀ ਉਦਘਾਟਨ ਕਰਨਗੇ।

-----------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਸ਼ਾਮ ਨਵੀਂ ਦਿੱਲੀ ਵਿੱਚ ਏਸ਼ਿਆਈ ਖੇਡਾਂ 2026 ਵਿੱਚ ਹਿੱਸਾ ਲੈਣ ਵਾਲੇ ਭਾਰਤੀ ਦਲ ਨਾਲ ਗੱਲਬਾਤ ਕਰਨਗੇ। ਪ੍ਰਧਾਨ ਮੰਤਰੀ ਇਸ ਮੌਕੇ  ਸੰਬੋਧਨ ਵੀ ਕਰਨਗੇ। ਭਾਰਤ ਜਾਪਾਨ ਦੇ ਆਈਚੀ-ਨਾਗੋਆ ਵਿੱਚ ਹੋਈਆਂ ਏਸ਼ਿਆਈ ਖੇਡਾਂ ਵਿੱਚ 21 ਸੋਨੇ ਦੇ, 27 ਚਾਂਦੀ ਦੇ ਅਤੇ 37 ਕਾਂਸੀ ਦੇ ਤਮਗਿਆਂ ਨਾਲ, ਤਮਗਾ ਸੂਚੀ ਵਿੱਚ ਚੌਥੇ ਸਥਾਨ 'ਤੇ ਰਿਹਾ. ਇਹ ਏਸ਼ੀਆਈ ਖੇਡਾਂ ਵਿੱਚ ਚੋਟੀ ਦੇ ਪੰਜ ਦੇਸ਼ਾਂ ਵਿੱਚ ਭਾਰਤ ਦਾ ਲਗਾਤਾਰ ਦੂਜਾ ਸਥਾਨ ਏ, ਜੋ ਕਿ ਵੱਖ-ਵੱਖ ਖੇਡ ਵਿਸ਼ਿਆਂ ਵਿੱਚ ਦੇਸ਼ ਦੀ ਵੱਧਦੀ ਮੁਕਾਬਲੇਬਾਜ਼ੀ ਨੂੰ ਦਰਸਾਉਂਦਾ ਏ । ਭਾਰਤ ਨੇ ਖੇਡਾਂ ਵਿੱਚ ਕਈ ਮਹੱਤਵਪੂਰਨ ਪ੍ਰਾਪਤੀਆਂ ਵੀ ਦਰਜ ਕੀਤੀਆਂ, ਜਿਨ੍ਹਾਂ ਵਿੱਚ ਰਿਕਰਵ ਤੀਰਅੰਦਾਜ਼ੀ ਵਿੱਚ ਇਤਿਹਾਸਕ ਕਾਰਗੁਜ਼ਾਰੀ, ਉਸੇ ਐਡੀਸ਼ਨ ਵਿੱਚ ਮਰਦਾਂ ਅਤੇ ਔਰਤਾਂ ਦੀ ਹਾਕੀ ਟੀਮਾਂ, ਦੋਵਾਂ ਲਈ ਸੋਨੇ ਦੇ ਤਮਗੇ, ਅਤੇ ਸਾਫਟ ਟੈਨਿਸ ਅਤੇ ਮਿਕਸਡ ਮਾਰਸ਼ਲ ਆਰਟਸ ਵਿੱਚ ਪਹਿਲੇ ਤਮਗੇ ਸ਼ਾਮਿਲ ਨੇ. ਹੋਰ ਮਹੱਤਵਪੂਰਨ ਪ੍ਰਾਪਤੀਆਂ ਵਿੱਚ ਔਰਤਾਂ ਦੇ ਟ੍ਰੈਪ ਮੁਕਾਬਲੇ ਵਿੱਚ ਭਾਰਤ ਦਾ ਪਹਿਲਾ ਸੋਨੇ ਦਾ ਤਮਗਾ, 28 ਸਾਲਾਂ ਦੇ ਵਕਫ਼ੇ ਤੋਂ ਬਾਅਦ ਏਸ਼ਿਆਈ ਖੇਡਾਂ ਵਿੱਚ ਵੇਟਲਿਫਟਿੰਗ ਵਿੱਚ ਚਾਂਦੀ ਦਾ ਤਮਗਾ, ਅਤੇ ਗ੍ਰੀਕੋ-ਰੋਮਨ ਕੁਸ਼ਤੀ ਵਿੱਚ ਚਾਂਦੀ ਦਾ ਤਮਗਾ ਸ਼ਾਮਲ ਸੀ, ਜਿਸ ਨਾਲ

ਇਸ ਖੇਡ ਵਿੱਚ ਕਿਸੇ ਭਾਰਤੀ ਫਾਈਨਲਿਸਟ ਦੀ 64 ਸਾਲਾਂ ਦੀ ਉਡੀਕ ਖਤਮ ਹੋਈ।

---------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ, ਕੇਂਦਰੀ ਮੰਤਰੀਮੰਡਲ ਨੇ 11 ਲਖ 40 ਹਜ਼ਾਰ ਤੋਂ ਵੱਧ ਰੇਲਵੇ ਮੁਲਾਜ਼ਮਾਂ ਲਈ 78 ਦਿਨਾਂ ਦੀ ਤਨਖਾਹ ਦੇ ਬਰਾਬਰ ਉਤਪਾਦਕਤਾ-ਅਧਾਰਿਤ ਬੋਨਸ (PLB) ਨੂੰ ਮਨਜ਼ੂਰੀ ਦੇ ਦਿੱਤੀ ਏ। ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਨੇ ਮੰਤਰੀਮੰਡਲ ਦੀ  ਮੀਟਿੰਗ ਤੋਂ ਬਾਅਦ ਮੀਡੀਆ ਨੂੰ ਦੱਸਿਆ ਕਿ ਸਰਕਾਰ ਨੇ ਇਸ ਉਦੇਸ਼ ਲਈ 2 ਹਜ਼ਾਰ 9 ਕਰੋੜ ਰੁਪਏ ਤੋਂ ਵੱਧ ਦਾ ਬਜਟ ਅਲਾਟ ਕੀਤਾ ਏ। ਯੋਗ ਮੁਲਾਜ਼ਮਾਂ ਨੂੰ 78 ਦਿਨਾਂ ਲਈ ਵੱਧ ਤੋਂ ਵੱਧ 17 ਹਜ਼ਾਰ 951 ਰੁਪਏ ਦਾ ਬੋਨਸ ਮਿਲੇਗਾ-

byte

ਇਸ ਵਿੱਚ ਰੇਲਵੇ ਲਾਈਨ ਰੱਖ-ਰਖਾਅ ਸਟਾਫ, ਲੋਕੋ ਪਾਇਲਟ, ਗਾਰਡ, ਸਟੇਸ਼ਨ ਮਾਸਟਰ, ਸੁਪਰਵਾਈਜ਼ਰ, ਟੈਕਨੀਸ਼ੀਅਨ, ਪੁਆਇੰਟਮੈਨ ਅਤੇ ਮੰਤਰਾਲੇ ਦੇ ਮੁਲਾਜ਼ਮਾਂ ਸਮੇਤ ਗਰੁੱਪ ਸੀ ਦੇ ਮੁਲਾਜ਼ਮ ਸ਼ਾਮਿਲ ਨੇ. ਮੰਤਰੀਮੰਡਲ  ਨੇ 53ਹਜ਼ਾਰ 428 ਕਰੋੜ ਰੁਪਏ ਦੇ ਕੁੱਲ ਬਜਟ ਨਾਲ, 2026-27 ਤੋਂ 2030-31 ਤੱਕ ਪੰਜ ਸਾਲਾਂ ਲਈ ਰਾਸ਼ਟਰੀ ਸਮਾਜਿਕ ਸਹਾਇਤਾ ਪ੍ਰੋਗਰਾਮ (NSAP) ਨੂੰ ਜਾਰੀ ਰੱਖਣ ਨੂੰ ਵੀ ਮਨਜ਼ੂਰੀ ਦੇ ਦਿੱਤੀ ਏ

byte

---------------------------------------------------

ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅੱਜ ਵਿਜੇਵਾੜਾ ਦੇ ਪੁੰਨਮੀ ਘਾਟ ਵਿਖੇ ਰਾਸ਼ਟਰੀ ਸਰਸ ਉਪਜੀਵਿਕਾ ਮੇਲਾ 2026 ਦਾ ਉਦਘਾਟਨ ਕਰਨਗੇ। ਪਹਿਲੀ ਵਾਰ, ਰਾਸ਼ਟਰੀ ਪੱਧਰ ਦਾ ਮੇਲਾ ਦਿੱਲੀ-ਰਾਸ਼ਟਰੀ ਰਾਜਧਾਨੀ ਖੇਤਰ ਤੋਂ ਬਾਹਰ ਕਰਾਇਆ ਜਾ ਰਿਹਾ ਏ. ਰਾਸ਼ਟਰੀ ਸਰਸ ਮੇਲਾ 2026, ਦੇਸ਼ ਭਰ ਦੇ ਸਵੈ-ਸਹਾਇਤਾ ਸਮੂਹਾਂ ਦੀਆਂ ਦਿਹਾਤੀ ਔਰਤਾਂ ਨੂੰ ਆਪਣੇ ਉਤਪਾਦਾਂ ਦਾ ਵਿਖਾਲਾ ਕਰਨ, ਵਿਆਪਕ ਬਾਜ਼ਾਰਾਂ ਤੱਕ ਪਹੁੰਚਣ ਅਤੇ ਆਪਣੀ ਉਪਜੀਵਿਕਾ ਨੂੰ ਮਜ਼ਬੂਤ ਕਰਨ ਲਈ ਇੱਕ ਮੰਚ ਪ੍ਰਦਾਨ ਕਰਦਾ ਏ । ਕੇਂਦਰੀ ਦਿਹਾਤੀ ਵਿਕਾਸ ਮੰਤਰਾਲੇ ਵਲੋਂ ਆਂਧਰਾ ਪ੍ਰਦੇਸ਼ ਸਰਕਾਰ ਦੇ ਸਹਿਯੋਗ ਨਾਲ ਕਰਾਇਆ ਜਾ ਰਿਹਾ, ਇਹ ਮੇਲਾ ਕਰੀਬ ਇੱਕ ਹਜ਼ਾਰ ਪੰਜ ਸੌ ਔਰਤ ਉੱਦਮੀਆਂ ਅਤੇ ਕਾਰੀਗਰਾਂ ਨੂੰ ਇੱਕ ਥਾਂ ਲਿਆਏਗਾ | ਰਾਸ਼ਟਰੀ ਸਰਸ ਮੇਲਾ ਲਖਪਤੀ ਦੀਦੀ ਪਹਿਲਕਦਮੀ ਨੂੰ ਉਜਾਗਰ ਕਰਦਾ ਏ, ਜਿਸਦਾ ਉਦੇਸ਼ ਦਿਹਾਤੀ ਔਰਤਾਂ ਨੂੰ ਨਿਰੰਤਰ ਰਹਿਣ ਯੋਗ ਆਮਦਨ ਅਤੇ ਮਾਲੀ ਸੁਤੰਤਰਤਾ ਪ੍ਰਾਪਤ ਕਰਨ ਵਿੱਚ ਮਦਦ ਕਰਨਾ ਏ ।

---------------------------------------------------

ਖੇਤੀਬਾੜੀ ਵਿੱਚ ਔਰਤਾਂ ਦੇ ਯੋਗਦਾਨ ਦਾ ਸਨਮਾਨ ਕਰਨ ਲਈ ਅੱਜ ਨਵੀਂ ਦਿੱਲੀ ਵਿੱਚ ਰਾਸ਼ਟਰੀ ਪੱਧਰ 'ਤੇ ਮਹਿਲਾ ਕਿਸਾਨ ਦਿਵਸ ਮਨਾਇਆ ਜਾ ਰਿਹਾ ਏ । ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ

ਮੁਤਾਬਿਕ, ਔਰਤਾਂ ਬਿਜਾਈ, ਕਾਸ਼ਤ, ਵਾਢੀ, ਪਸ਼ੂ ਪਾਲਣ ਅਤੇ ਬੀਜ ਸੰਭਾਲ ਵਰਗੇ ਵੱਖ-ਵੱਖ ਕੰਮਾਂ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਨੇ. ਮੰਤਰਾਲੇ ਨੇ ਕਿਹਾ ਕਿ ਔਰਤ ਕਿਸਾਨਾਂ ਦਾ ਯੋਗਦਾਨ ਦੇਸ਼ ਦੀ ਖੇਤੀਬਾੜੀ ਨੂੰ ਮਜ਼ਬੂਤ ਕਰ ਰਿਹਾ ਏ ਅਤੇ ਇਸਨੂੰ ਆਤਮ-ਨਿਰਭਰ ਬਣਾ ਰਿਹਾ ਏ .

------------------------------------------------------------------

ਸਰਕਾਰ ਨੇ ਗੰਨਾ ਕਿਸਾਨਾਂ ਵਲੋਂ ਉਠਾਏ ਗਏ ਮੁੱਦਿਆਂ ਦੀ ਜਾਂਚ ਕਰਨ ਅਤੇ ਉਨ੍ਹਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਢੁਕਵੇਂ ਉਪਾਵਾਂ ਦੀ ਸਿਫ਼ਾਰਸ਼ ਕਰਨ ਵਾਸਤੇ  ਇੱਕ ਕਮੇਟੀ ਦਾ ਗਠਨ ਕੀਤਾ ਏ । ਕਰਨਾਟਕ ਅਤੇ ਮਹਾਰਾਸ਼ਟਰ ਦੇ ਗੰਨਾ ਕਿਸਾਨਾਂ ਦੇ ਪ੍ਰਤੀਨਿਧੀਆਂ ਦੀ ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਅਤੇ ਕੇਂਦਰੀ ਖਪਤਕਾਰ ਮਾਮਲੇ, ਖੁਰਾਕ ਅਤੇ ਜਨਤਕ ਵੰਡ ਮੰਤਰੀ ਨਾਲ ਹੋਈ ਮੀਟਿੰਗ ਵਿੱਚ ਲਏ ਗਏ ਫੈਸਲਿਆਂ ਤੋਂ ਬਾਅਦ ਇਹ ਕਮੇਟੀ ਬਣਾਈ ਗਈ ਏ. ਖਪਤਕਾਰ ਮਾਮਲਿਆਂ, ਖੁਰਾਕ ਅਤੇ ਜਨਤਕ ਵੰਡ ਮੰਤਰਾਲੇ ਨੇ ਕਿਹਾ ਏ ਕਿ ਕਮੇਟੀ ਗੰਨਾ ਕਿਸਾਨਾਂ ਨੂੰ ਖੇਤੀ ਲਾਗਤਾਂ ਅਤੇ ਹੋਰ ਸੰਬੰਧਿਤ ਕਾਰਕਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਮਿਹਨਤਾਨਾ ਵਾਪਸੀ ਵਿੱਚ ਵਾਧੇ ਦੀ ਮੰਗ ਦੀ ਜਾਂਚ ਕਰੇਗੀ। ਇਹ ਖੰਡ ਉਤਪਾਦਨ ਲਾਗਤਾਂ, ਬਾਜ਼ਾਰ ਕੀਮਤਾਂ ਅਤੇ ਖੰਡ ਮਿੱਲਾਂ ਦੀ ਮਾਲੀ ਵਿਹਾਰਕਤਾ ਦੇ ਸੰਦਰਭ ਵਿੱਚ ਖੰਡ ਦੀ ਮਿਲ ਪ੍ਰਕਿਰਿਆ ਤੋਂ ਬਾਅਦ ਦੀ ਘੱਟੋ-ਘੱਟ ਵਿਕਰੀ ਕੀਮਤ (MSP) ਵਿੱਚ ਸੋਧ ਦੀ ਮੰਗ ਦੀ ਵੀ ਜਾਂਚ ਕਰੇਗੀ। ਕਮੇਟੀ ਕਿਸਾਨਾਂ ਨੂੰ ਭੁਗਤਾਨ ਯੋਗ ਗੰਨੇ ਦੀ ਕੀਮਤ 'ਤੇ ਮੌਜੂਦਾ ਢੰਗ

ਤਰੀਕਿਆਂ ਦੇ ਮਾਲੀ ਪ੍ਰਭਾਵ ਦਾ ਮੁਲੰਕਣ ਕਰੇਗੀ ਅਤੇ ਲੋੜ ਅਨੁਸਾਰ ਹੋਰ ਸਬੰਧਿਤ ਮਾਮਲਿਆਂ 'ਤੇ ਵੀ ਵਿਚਾਰ ਕਰ ਸਕਦੀ ਏ ।

------------------------------------------------------------

ਸਰਕਾਰ ਨੇ ਖੰਡ ਡੀਲਰਾਂ ਲਈ ਭੰਡਾਰ ਰਖਣ ਦੀ ਮਿਆਦ ਘਟਾ ਕੇ 15 ਦਿਨ ਕਰ ਦਿੱਤੀ ਏ ਅਤੇ ਭੰਡਾਰ ਸੀਮਾ ਇੱਕ ਹਜ਼ਾਰ ਕੁਇੰਟਲ ਤੈਅ ਕੀਤੀ ਏ, ਜੋ ਅੱਜ ਤੋਂ ਲਾਗੂ ਹੋਵੇਗੀ। ਇਹ ਇਸ ਸਾਲ ਨਵੰਬਰ ਤੱਕ ਲਾਗੂ ਰਹੇਗੀ। ਖਪਤਕਾਰ ਮਾਮਲਿਆਂ ਬਾਰੇ ਮੰਤਰਾਲੇ ਨੇ ਕਿਹਾ ਕਿ ਸਰਕਾਰ ਨੇ ਤਿਉਹਾਰਾਂ ਦੇ ਸੀਜ਼ਨ ਦੌਰਾਨ ਜਮ੍ਹਾਂਖੋਰੀ ਨੂੰ ਰੋਕਣ ਅਤੇ ਖਪਤਕਾਰਾਂ ਨੂੰ ਸੁਚਾਰੂ ਸਪਲਾਈ ਯਕੀਨੀ ਬਣਾਉਣ ਲਈ ਖੰਡ ਭੰਡਾਰ ਰਖਣ ਦੇ ਨੇਮਾਂ ਨੂੰ ਸੋਧਿਆ ਏ ।

------------------------------------------------------------

ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ਼ ਇੰਡੀਆ (NPCI) ਨੇ ਚੋਣਵੇਂ ਵਿਅਕਤੀ-ਤੋਂ-ਵਪਾਰੀ UPI ਲੈਣ-ਦੇਣ 'ਤੇ ਵਪਾਰੀ ਛੋਟ ਦਰ (MDR) ਲਾਗੂ ਕਰਨ ਨੂੰ ਮੁਲਤਵੀ ਕਰ ਦਿੱਤਾ ਏ । ਇਸ ਤੋਂ ਪਹਿਲਾਂ, NPCI ਨੇ ਐਲਾਨ ਕੀਤਾ ਸੀ ਕਿ ਇਹ ਦਰ ਅੱਜ ਤੋਂ ਲਾਗੂ ਹੋਵੇਗੀ। ਇਹ ਲਾਗੂਕਰਨ ਹੁਣ ਦੀਵਾਲੀ ਤੋਂ ਬਾਅਦ ਹੋਵੇਗਾ । ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ਼ ਇੰਡੀਆ ਨੇ ਕਿਹਾ ਕਿ UPI ਅਤੇ ਸੇਵਾਵਾਂ ਸਟੀਅਰਿੰਗ ਕਮੇਟੀ ਨੇ ਫੈਸਲਾ ਕੀਤਾ ਏ ਕਿ ਤਿਉਹਾਰਾਂ ਦੇ ਸੀਜ਼ਨ ਨੂੰ ਧਿਆਨ ਵਿੱਚ ਰੱਖਦੇ ਹੋਏ, ਚੋਣਵੇਂ ਵਿਅਕਤੀ-

ਤੋਂ-ਵਪਾਰੀ UPI ਲੈਣ-ਦੇਣ 'ਤੇ MDR ਦੀਵਾਲੀ ਤੋਂ ਤੁਰੰਤ ਬਾਅਦ ਲਾਗੂ ਕੀਤਾ ਜਾਵੇਗਾ।

--------------------------------------------------------

ਰਿਆਧ ਵਿੱਚ ਭਾਰਤੀ ਦੂਤਘਰ ਨੇ ਸਾਊਦੀ ਅਰਬ ਵਿੱਚ ਰਹਿੰਦੇ ਸਾਰੇ ਭਾਰਤੀ ਨਾਗਰਿਕਾਂ ਨੂੰ ਸਥਾਨਕ ਅਧਿਕਾਰੀਆਂ ਦੀਆਂ ਹਦਾਇਤਾਂ ਦੀ ਪਾਲਣਾ ਜਾਰੀ ਰੱਖਣ ਦੀ ਅਪੀਲ ਕੀਤੀ ਏ । ਦੂਤਘਰ ਨੇ ਲੋਕਾਂ ਨੂੰ ਹਵਾਈ ਹਮਲੇ ਦੀ ਸਥਿਤੀ ਵਿੱਚ ਘਰ ਦੇ ਅੰਦਰ ਰਹਿਣ ਅਤੇ ਮੌਜੂਦਾ ਘਟਨਾਕ੍ਰਮ ਨਾਲ ਸੰਬੰਧਿਤ ਵੀਡੀਓ ਜਾਂ ਖ਼ਬਰਾਂ ਪ੍ਰਸਾਰਿਤ ਨਾ ਕਰਨ ਦੀ ਅਪੀਲ ਕੀਤੀ ਏ. ਆਪਣੀ ਨਵੀਂ ਸਲਾਹ ਵਿੱਚ, ਦੂਤਘਰ ਨੇ ਕਿਹਾ ਕਿ 10 ਅਕਤੂਬਰ ਨੂੰ ਰਿਆਧ ਹਵਾਈ ਅੱਡੇ 'ਤੇ ਹੋਏ ਹਮਲੇ ਵਿੱਚ ਜ਼ਖਮੀ ਹੋਏ ਦੋ ਭਾਰਤੀ ਨਾਗਰਿਕ ICU ਵਿੱਚ ਨੇ. ਇੱਕ ਭਾਰਤੀ ਨਾਗਰਿਕ ਨੂੰ ICU ਤੋਂ ਹਾਈ ਡਿਪੈਂਡੈਂਸੀ ਯੂਨਿਟ ਵਿੱਚ ਤਬਦੀਲ ਕਰ ਦਿੱਤਾ ਗਿਆ ਏ । ਚਾਰ ਹੋਰ ਭਾਰਤੀ ਨਾਗਰਿਕ ਜਨਰਲ ਵਾਰਡ ਵਿੱਚ ਇਲਾਜ ਕਰਵਾ ਰਹੇ ਨੇ,

--------------------------------------------------------

ਭਾਰਤੀ ਮੌਸਮ ਵਿਭਾਗ (ਆਈਐਮਡੀ) ਨੇ ਅੱਜ ਪੰਜਾਬ, ਹਰਿਆਣਾ, ਚੰਡੀਗੜ੍ਹ, ਤੇ ਦਿੱਲੀ ਵਿੱਚ ਭਾਰੀ ਤੋਂ ਬਹੁਤ ਭਾਰੀ ਬਾਰਿਸ਼ ਲਈ ORANGE ALERT ਜਾਰੀ ਕੀਤਾ ਏ । ਵਿਭਾਗ ਮੁਤਾਬਿਕ, ਪੰਜਾਬ, ਹਰਿਆਣਾ, ਚੰਡੀਗੜ੍ਹ, ਰਾਜਸਥਾਨ, ਦਿੱਲੀ, ਉੱਤਰਾਖੰਡ ਅਤੇ ਪੱਛਮੀ ਉੱਤਰ ਪ੍ਰਦੇਸ਼ ਵਿੱਚ ਅੱਜ ਗੜ੍ਹੇਮਾਰੀ ਦੇ ਨਾਲ ਹਨੇਰੀ ਝਖੜ ਆ ਸਕਦਾ ਏ.

---

ਕ੍ਰਿਕੇਟ ਵਿੱਚ, ਬੀਤੀ ਰਾਤ ਹੈਦਰਾਬਾਦ ਵਿਖੇ ਖੇਡੇ ਗਏ ਚੌਥੇ TWENTY - 20 ਅੰਤਰਰਾਸ਼ਟਰੀ ਕ੍ਰਿਕੇਟ ਮੈਚ ਵਿੱਚ ਵੈਸਟ ਇੰਡੀਜ਼ ਨੇ ਭਾਰਤ ਨੂੰ 24 ਦੌੜਾਂ ਨਾਲ ਹਰਾਇਆ। ਪੰਜ ਮੈਚਾਂ ਦੀ ਲੜੀ ਹੁਣ 2-2 ਨਾਲ ਬਰਾਬਰ ਏ ।

---

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਲੱਦਾਖ ਵਿੱਚ ਕਰੀਬ 3 ਹਜ਼ਾਰ 350 ਕਰੋੜ ਰੁਪਏ ਦੇ ਪੰਜ ਵੱਡੇ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ ਕਰਨਗੇ।
- ਕੇਂਦਰੀ ਮੰਤਰੀਮੰਡਲ ਨੇ 11 ਲਖ ਤੋਂ ਵੱਧ ਰੇਲਵੇ ਮੁਲਾਜ਼ਮਾਂ ਲਈ 78 ਦਿਨਾਂ ਦੀ ਤਨਖਾਹ ਦੇ ਬਰਾਬਰ ਉਤਪਾਦਕਤਾ-ਅਧਾਰਿਤ ਬੋਨਸ ਨੂੰ ਮਨਜ਼ੂਰੀ ਦਿੱਤੀ ।
- ਖੇਤੀਬਾੜੀ ਵਿੱਚ ਔਰਤਾਂ ਦੇ ਯੋਗਦਾਨ ਦਾ ਸਨਮਾਨ ਕਰਨ ਲਈ ਅੱਜ ਰਾਸ਼ਟਰੀ ਪੱਧਰ 'ਤੇ ਮਹਿਲਾ ਕਿਸਾਨ ਦਿਵਸ ਮਨਾਇਆ ਜਾ ਰਿਹਾ ਏ ।
- ਨੈਸ਼ਨਲ ਪੇਮੈਂਟਸ ਕਾਰਪੋਰੇਸ਼ਨ ਆਫ਼ ਇੰਡੀਆ (NPCI) ਨੇ ਚੋਣਵੇਂ ਵਿਅਕਤੀ-ਤੋਂ-ਵਪਾਰੀ UPI ਲੈਣ-ਦੇਣ 'ਤੇ ਵਪਾਰੀ ਛੋਟ ਦਰ (MDR) ਲਾਗੂ ਕਰਨ ਨੂੰ ਮੁਲਤਵੀ ਕਰ ਦਿੱਤਾ ਏ ।
- ਮੌਸਮ ਵਿਭਾਗ ਵਲੋਂ ਅੱਜ ਪੰਜਾਬ, ਹਰਿਆਣਾ, ਤੇ ਚੰਡੀਗੜ੍ਹ, ਵਿੱਚ ਭਾਰੀ ਤੋਂ ਬੇਹਦ ਭਾਰੀ ਬਾਰਿਸ਼ ਲਈ ORANGE ALERT ਜਾਰੀ

----------------------------------------------------

ਇਸ ਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੁੰਦਾ ਏ। ਸਾਡਾ ਅਗਲਾ ਪ੍ਰਾਦੇਸ਼ਿਕ ਖਬਰਾਂ ਦਾ ਬੁਲੇਟਿਨ ਦੁਪਹਿਰ ਬਾਅਦ 1 ਵਜ ਕੇ 10 ਮਿੰਟ 'ਤੇ ਹੋਏਗਾ। ਨਮਸਕਾਰ!